ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਿਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

20231723
22/8/2023

ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ:ਚੋਣਾਂ-2023/2097

ਜਿੰਮੇਵਾਰ ਬਣੋ, ਵੋਟਰ ਬਣੋ

ਮਿਤੀ: 18-08-2023

ਵੱਲ,

ਸਮੂਹ ਵਿਭਾਗਾਂ/ਦਫ਼ਤਰਾਂ ਦੇ ਮੁੱਖੀ,
ਬਠਿੰਡਾ।

ਵਿਸ਼ਾ:- Special Summary Revision of Photo Electoral Rolls w.r.t 01.01.2024 as qualifying date-programme-reg.

ਹਵਾਲਾ:- ਮਾਨਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਦੇ ਦਫ਼ਤਰ ਦਾ ਪੱਤਰ ਨੰ: ਚੋਣਾਂ-2023/ਵਸ-4451 ਮਿਤੀ: 10-08-2023 ਜਿਲ੍ਹਾ ਚੋਣ ਅਫ਼ਸਰ ਜੀ ਦੇ ਪਤੇ ਤੇ।

ਉਪਰੋਕਤ ਵਿਸ਼ੇ ਸਬੰਧੀ ਮੁੱਖ ਚੋਣ ਅਫ਼ਸਰ,ਪੰਜਾਬ ਜੀ ਵੱਲੋ ਯੋਗਤਾ ਮਿਤੀ: 01-01-2024 ਦੇ ਆਧਾਰ ਤੇ Pre Revision Activities Schedule ਪ੍ਰਾਪਤ ਹੋਇਆ ਹੈ।ਜਿਸ ਅਨੁਸਾਰ ਬੀ.ਐਲ.ਓ ਵੱਲੋ ਘਰ-ਘਰ ਜਾ ਕੇ ਸਰਵੇ ਕੀਤਾ ਜਾ ਰਿਹਾ ਹੈ ਅਤੇ ਜਿਸਦੀ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋ ਨਿਰਧਾਰਿਤ ਕੀਤੀ ਗਈ ਮਿਤੀ: 21-07-2023 ਤੋਂ ਮਿਤੀ: 21-08-2023 ਤੱਕ ਸੀ, ਪ੍ਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਕੀਤੇ ਜਾ ਰਹੇ ਹਾਊਸ ਟੂ ਹਾਊਸ ਸਰਵੇ ਦੀ ਪ੍ਰਗਤੀ ਬਹੁਤ ਘੱਟ ਹੈ।ਜਿਸ ਕਰਕੇ ਮਾਨਯੋਗ ਮੁੱਖ ਚੋਣ ਅਫ਼ਸਰ,ਪੰਜਾਬ ਜੀ ਵੱਲੋ ਹਵਾਲਾ ਅਧੀਨ ਪੱਤਰ ਰਾਂਹੀ ਪਹਿਲਾਂ ਹਾਊਸ ਟੂ ਹਾਊਸ ਸਰਵੇ ਦੀ ਨਿਰਧਾਰਿਤ ਕੀਤੀ ਗਈ ਮਿਤੀ: 21-07-2023 ਤੋ ਮਿਤੀ:20-08-2023 ਵਿੱਚ ਵਾਧਾ ਕਰ ਦਿੱਤਾ ਗਿਆ ਹੈ ਤੇ ਹਾਊਸ ਟੂ ਹਾਊਸ ਸਰਵੇ ਮਿਤੀ: 21-07-2023 ਤੋਂ ਮਿਤੀ: 31-08-2023 ਤੱਕ ਕੀਤਾ ਜਾਣਾ ਹੈ।

ਇਸ ਲਈ ਆਪ ਨੂੰ ਹਦਾਇਤਾ ਕੀਤੀ ਜਾਂਦੀ ਹੈ ਆਪ ਦੇ ਸਮੂਹ ਦਫ਼ਤਰੀ ਸਟਾਫ//ਸਕੂਲ ਦੇ ਨਾਨ ਟੀਚਿੰਗ ਸਟਾਫ/ਟੀਚਿੰਗ ਸਟਾਫ ,ਜਿਨ੍ਹਾਂ ਦੀ ਡਿਊਟੀ ਬਤੌਰ ਬੀ.ਐਲ.ਓ 091-ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ) ਵਿੱਚ ਲੱਗੀ ਹੋਈ ਹੈ ਉਨ੍ਹਾਂ ਨੂੰ ਪਹਿਲਾ ਵਾਂਗ ਹੀ ਦਿਨ ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਹੁਣ ਮਿਤੀ: 31-08-2023 ਤੱਕ ਚੋਣ ਡਿਊਟੀ ਲਈ ਦਫ਼ਤਰੀ/ਸਕੂਲ ਦੀ ਡਿਊਟੀ ਤੋਂ ਫਾਰਗ ਕੀਤਾ ਜਾਵੇ ਤਾਂ ਜੋ ਕੀਤੇ ਜਾ ਰਹੇ ਹਾਊਸ ਟੂ ਹਾਊਸ ਸਰਵੇ ਦੇ ਕੰਮ ਵਿੱਚ ਤੇਜੀ ਲਿਆਂਦੀ ਜਾ ਸਕੇ ਅਤੇ ਇਸ ਨੂੰ ਮਿੱਥੇ ਸਮੇਂ ਵਿੱਚ ਮੁਕੰਮਲ ਕੀਤਾ ਜਾ ਸਕੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।
ਮਿਤੀ: 18-08-2023

ਪਿੱਠ ਅੰਕਣ ਨੰ: 2098-2100

ਉਪਰੋਕਤ ਦੀ ਨਕਲ ਹੇਠ ਲਿਖਿਆਂ ਨੂੰ:-

1) ਜਿਲ੍ਹਾ ਚੋਣ ਅਫ਼ਸਰ,ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜੀ ਜਾਂਦੀ ਹੈ।
2) ਸਮੂਹ ਸੁਪਰਵਾਈਜ਼ਰ, 091-ਭੁੱਚੋ ਮੰਡੀ (ਅ.ਜ), ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਸਮੂਹ ਬੀ.ਐਲ.ਓ ਨੂੰ ਕੀਤੇ ਜਾ ਰਹੇ ਸਰਵੇ ਦੇ ਕੰਮ ਵਿੱਚ ਤੇਜੀ ਲਿਆਉਣ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ ਅਤੇ ਸਰਵੇ ਨਿਰਧਾਰਿਤ ਕੀਤੇ ਗਏ ਸਮੇਂ ਦੇ ਅੰਦਰ-ਅੰਦਰ ਕਰਵਾਉਣਾ ਯਕੀਨੀ ਬਣਾਇਆ ਜਾਵੇ।
3) ਸਮੂਹ ਬੀ.ਐਲ.ਓਜ, 091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੀਤੇ ਜਾ ਰਹੇ ਹਾਊਸ ਟੂ ਹਾਊਸ ਸਰਵੇ ਦੇ ਕੰਮ ਵਿੱਚ ਤੇਜੀ ਲਿਆਂਦੀ ਜਾਵੇ। ਇਸ ਤੋਂ ਇਲਾਵਾ ਨਿਮਨਹਸਤਾਖਰ ਦੇ ਧਿਆਣ ਵਿੱਚ ਆਇਆ ਹੈ ਕਿ ਆਪ ਵੱਲੋ ਕੀਤੇ ਜਾ ਰਹੇ ਹਾਊਸ ਟੂ ਹਾਊਸ ਸਰਵੇ ਦੀ ਪ੍ਰਗਤੀ ਬਹੁਤ ਹੀ ਘੱਟ ਹੈ ਤੇ ਕਈ ਬੀ.ਐਲ.ਓਜ਼ ਵੱਲੋ ਤਾਂ ਹਜੇ ਤੱਕ ਕੰਮ ਸ਼ੁਰੂ ਵੀ ਨਹੀਂ ਕੀਤਾ ਗਿਆ।ਚੋਣਾਂ ਦਾ ਕੰਮ ਬਹੁਤ ਹੀ ਮਹੱਤਵਪੂਰਨ ਕੰਮ ਹੈ ਤੇ ਜੇਕਰ ਆਪ ਵੱਲੋਂ ਇਹ ਕੰਮ ਮਿੱਥੇ ਸਮੇਂ ਵਿੱਚ ਨਹੀਂ ਕੀਤਾ ਜਾਂਦਾ ਤਾਂ ਆਪ ਨੂੰ ਨਿਕਲਣ ਵਾਲੇ ਸਿੱਟਿਆਂ ਦਾ ਸਾਹਮਣਾ ਕਰਨਾਂ ਪਵੇਗਾ, ਜਿਸਦੀ ਜਿੰਮੇਵਾਰੀ ਆਪ ਦੀ ਹੋਵੇਗੀ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।



Scanned with CamScanner

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-4/1 ( )2023/ 4055 ਮਿਤੀ : 22/08/2023

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਸਸਸਸ/ਸਹਸ/ਸਮਿਸ ,091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਕਰਮਚਾਰੀਆਂ ਦੀ ਡਿਊਟੀ ਬੀ.ਐਲ.ਓਜ਼ ਵਜੋ ਲੱਗੀ ਹੈ, ਉਹ ਆਪਣਾ ਬੀ.ਐਲ.ਓਜ਼ ਡਿਊਟੀ ਦਾ ਕੰਮ **ਬੁੱਧਵਾਰ ਅਤੇ ਸ਼ੁੱਕਰਵਾਰ** ਵਾਲੇ ਦਿਨ ਕਰਨਗੇ। ਪ੍ਰੰਤੂ ਜੇਕਰ ਕਿਸੇ ਸਕੂਲ ਵਿਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓਜ਼ ਲੱਗੀ ਹੈ ਤਾਂ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ। ਸਬੰਧਤ ਬੀ.ਐਲ.ਓਜ਼ ਅੱਧੀ ਛੁੱਟੀ ਤੋਂ ਪਹਿਲਾ ਦੇ ਸਾਰੇ ਪੀਰੀਅਡ ਲਗਾਉਣ ਤੋਂ ਬਾਅਦ ਵੋਟਾ ਦੀ ਸੁਧਾਈ /ਵੈਰੀਫਿਕੇਸ਼ਨ ਦਾ ਕੰਮ ਕਰਨਗੇ।

23/08/23

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ